# ਵਿਸ਼ਾ-ਪੰਜਾਬੀ ਸ਼੍ਰੇਣੀ-ਸੱਤਵੀਂ

ਪਾਠ-**22** ਵਿਰਾਸਤ-ਏ-ਖ਼ਾਲਸਾ ਲੇਖਕ-ਤਰਸੇਮ ਸਿੰਘ ਬੁੱਟਰ ਦਸੰਬਰ-ਜਨਵਰੀ

ਤਿਆਰ ਕਰਤਾ-ਰਜਵੰਤ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾੜੀ ਬੁੱਚਿਆਂ ਗੁਰਦਾਸਪੁਰ।

# ਪ੍ਰਸ਼ਨ/ਉੱਤਰ

**1.**ਪ੍ਰਸ਼ਨ:- ਵਿਰਾਸਤ-ਏ-ਖ਼ਾਲਸਾ ਕਿੱਥੇ ਬਣਿਆ ਹੋਇਆ ਹੈ?

ਉੱਤਰ:- ਵਿਰਾਸਤੇ-ਏ-ਖ਼ਾਲਸਾ ਸ੍ਰੀ ਆਨੰਦਪੁਰ ਸਾਹਿਬ ਵਿਚ ਬਣਿਆ ਹੋਇਆ ਹੈ।

**2.**ਪ੍ਰਸ਼ਨ:- ਵਿਰਾਸਤ-ਏ-ਖ਼ਾਲਸਾ ਦੀ ਸਥਾਪਨਾ ਦਾ ਮੂਲ ਉਦੇਸ਼ ਕੀ ਹੈ?

ਉੱਤਰ:-ਇਸ ਦਾ ਮੂਲ ਉਦੇਸ਼ ਅਮੀਰ ਸਿੱਖ-ਵਿਰਾਸਤ,ਸਿੱਖ ਗੁਰੂਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਦੀਵੀਂ ਸੰਦੇਸ਼ਾਂ ਨੂੰ ਅਜੋਕੀ ਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਪੁਚਾਉਣ ਦੇ ਨਾਲ਼-ਨਾਲ਼ ਪੰਜਾਬੀ ਸਭਿਆਚਾਰ ਦੇ ਵੱਖ-ਵੱਖ ਪਹਿਲੂਆਂ ਦਾ ਚਿਤਰਨ ਕਰਨਾ ਹੈ।

**3.**ਪ੍ਰਸ਼ਨ:- ਵਿਰਾਸਤ-ਏ-ਖ਼ਾਲਸਾ ਦੇ ਪੱਛਮੀ ਤੇ ਪੂਰਵੀ ਹਿੱਸੇ ਦੀਆਂ ਮੁੱਖ ਇਮਾਰਤਾਂ ਦੇ ਨਾਂ ਦੱਸੋ?

ਉੱਤਰ:-ਪੱਛਮੀ ਹਿੱਸੇ ਵਿਚ - ਪੁਸਤਕਾਲਾ,ਸ੍ਰੋਤਾ-ਭਵਨ,ਪ੍ਰਦਰਸ਼ਨੀ-ਹਾਲ।

ਪੂਰਬੀ ਹਿੱਸੇ ਵਿਚ ਕਿਸ਼ਤੀ ਇਮਾਰਤ,ਢੋਲ-ਇਮਾਰਤ,ਪੰਜ ਫੁੱਲ-ਪੱਤੀ ਇਮਾਰਤ ਅਤੇ ਦੂਜ ਦੇ ਚੰਦ ਜਾਂ ਕਲਗ਼ੀਨੁਮਾ ਇਮਾਰਤ ਹਨ।

**4.**ਪ੍ਰਸ਼ਨ:-ਕਿਸ਼ਤੀ ਇਮਾਰਤ ਵਿਚ ਸਥਾਪਿਤ ਪਹਿਲੀ ਗੈਲਰੀ ਵਿਚ ਕੀ ਕੁਝ ਵੇਖਣ-ਸੁਣਨ ਨੂੰ ਮਿਲ਼ਦਾ ਹੈ?

ਉੱਤਰ:-ਇਸ ਵਿਚ ਪੁਰਾਤਨ ਪੰਜਾਬ ਤੋਂ ਲੈ ਕੇ ਆਧੁਨਿਕ ਪੰਜਾਬ ਤੱਕ ਦੇ ਵਿਕਾਸ ਦੀ ਰੰਗਲੀ ਝਾਕੀ ਵੇਖਣ ਨੂੰ ਮਿਲਦੀ ਹੈ।ਇੱਥੇ ਹਨ੍ਹੇਰੇ ਵਿਚ ਅੰਦਰ ਵੜਦਿਆਂ ਹੀ ਚਿੜੀਆਂ ਦੇ ਬੋਲਣ ਦੀ ਅਵਾਜ਼,ਵੱਖ-ਵੱਖ ਧਾਰਮਿਕ ਅਸਥਾਨ 'ਚੋਂ ਨਿਕਲਦੀਆਂ ਅਵਾਜ਼ਾਂ ਅਤੇ ਸੰਗੀਤਕ ਬੋਲ ਸੁਣਨ ਨੂੰ ਮਿਲਦੇ ਹਨ,ਜੋ ਸਵੇਰ ਹੋਣ ਦਾ ਇਸ਼ਾਰਾ ਕਰਦੇ ਹਨ।

**5.** ਪ੍ਰਸ਼ਨ :-ਢੋਲ-ਇਮਾਰਤ ਵਿਚ ਕੀ ਕੁਝ ਸ਼ਾਮਿਲ ਕੀਤਾ ਗਿਆ ਹੈ?

ਉੱਤਰ:- ਸਰਬ-ਵਿਆਪਕ ਪਰਮਾਤਮਾ ਦੇ ਤੇਜ਼ ਨੂੰ ੧ਓ ਦੇ ਰੂਪ ਵਿਚ **2462** ਜਗਦੇ ਮੋਤੀਨੁਮਾ ਤਾਰਿਆਂ ਦੀ ਮਦਦ ਨਾਲ ਰੂਪਮਾਨ ਕੀਤਾ ਗਿਆ ਹੈ।ਇੱਥੇ ਸੁਣਨਯੋਗ ਯੰਤਰਾਂ ਰਾਹੀਂ ਸਿੱਖ ਧਰਮ ਦੀਆਂ ਮੂਲ ਵਿਸ਼ੇਸ਼ਤਾਵਾਂ ਬਾਰੇ ਸੁਣਿਆ ਜਾ ਸਕਦਾ ਹੈ।

**(6)** ਪ੍ਰਸ਼ਨ :- ਪੰਜ ਫੁੱਲ-ਪੱਤੀ ਇਮਾਰਤ ਵਿਚ ਸਥਾਪਿਤ ਕੀਤੀਆਂ ਗਈਆਂ ਪੰਜ ਗੈਲਰੀਆਂ ਵਿਚੋਂ ਕਿਹੜੇ-ਕਿਹੜੇ ਸਿੱਖ ਗੁਰੂ ਸਾਹਿਬਾਨ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ?

ਉੱਤਰ:-ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ,ਸ੍ਰੀ ਗੁਰੂ ਅੰਗਦ ਦੇਵ ਜੀ,ਸ੍ਰੀ ਗੁਰੂ ਅਮਰਦਾਸ ਜੀ,ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ

ਅਰਜਨ ਦੇਵ ਜੀ ਦੇ ਜੀਵਨ ਅਤੇ ਕੌਮ ਨੂੰ ਦੇਣ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ?

**(7)** ਪ੍ਰਸ਼ਨ:- ਕ੍ਰੀਸੈਂਟ ਅਰਥਾਤ ਦੂਜ ਦੇ ਚੰਦ ਜਾਂ ਕਲਗੀਨੁਮਾ ਇਮਾਰਤ ਵਿਚ ਕਿਸੇ ਇੱਕ ਗੈਲਰੀ ਬਾਰੇ ਜਾਣਕਾਰੀ ਦਿਓ?

ਉੱਤਰ:- ਇਸ ਇਮਾਰਤ ਦੀ ਚੌਦ੍ਹਵੀਂ ਗੈਲਰੀ ਦਰਸ਼ਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਦੀਵੀਂ ਸੰਦੇਸ਼ ਤੋਂ ਜਾਣੂ ਕਰਾਉਂਦੀ ਹੈ। ਇੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਸੰਘਰਸ਼,ਵੱਖ-ਵੱਖ ਯੁੱਧਾਂ,ਸਰਬੰਸ ਦੀ ਕੁਰਬਾਨੀ ਤੇ ਕੌਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਉਣ ਵਾਲੇ ਵੇਰਵੇ ਵੱਖ-ਵੱਖ ਢੰਗਾਂ ਨਾਲ਼ ਉਪਲੱਬਧ ਕਰਾਏ ਗਏ ਹਨ।

**(8)** ਪ੍ਰਸ਼ਨ:- ਵਿਰਾਸਤ-ਏ-ਖ਼ਾਲਸਾ ਵਿਚ ਦਰਸ਼ਕਾਂ ਲਈ ਕਿਹੜੇ-ਕਿਹੜੇ ਮਨਾਹੀ ਦੇ ਹੁਕਮ ਹਨ?

ਉੱਤਰ:- ਵਿਰਾਸਤੇ-ਏ-ਖ਼ਾਲਸਾ ਵਿਚ ਦਰਸ਼ਕ ਕੈਮਰੇ,ਮੋਬਾਈਲ ਫ਼ੋਨ,ਹਥਿਆਰ,ਖਾਧ-ਪਦਾਰਥ,ਥੈਲੇ,ਪਾਲਤੂ ਜਾਨਵਰ,ਸੰਗੀਤਕ ਯੰਤਰ,ਛਤਰੀ ਤੇ ਨਸ਼ੇ ਦੀਆਂ ਚੀਜ਼ਾਂ ਲੈ ਕੇ ਜਾਣ ਦੀ ਮਨਾਹੀ ਹੈ।ਤਸਵੀਰਾਂ ਖਿੱਚਣ,ਮੂਵੀ ਬਣਾਉਣ ਅਤੇ ਕਲਾ-ਕ੍ਰਿਤਾਂ ਨੂੰ ਹੱਥ ਲਗਾਉਣ ਦੀ ਮਨਾਹੀ ਹੈ।

**(9)**ਪ੍ਰਸ਼ਨ:- ਵਿਰਾਸਤ-ਏ-ਖ਼ਾਲਸਾ ਵਿਚ ਭਵਿੱਖ ਦੀਆਂ ਗੈਲਰੀਆਂ ਵਿਚ ਕੀ ਕੁਝ ਦਰਸਾਏ ਜਾਣ ਦੀ ਤਜਵੀਜ਼ ਹੈ?

ਉੱਤਰ:- ਇਨ੍ਹਾਂ ਭਵਿੱਖ ਦੀਆਂ ਗੈਲਰੀਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ ਮਗਰੋਂ ਬਾਬਾ ਬੰਦਾ ਸਿੰਘ ਬਹਾਦਰ,ਸਿੱਖ ਮਿਸਲਾਂ,ਰਿਆਸਤੀ

ਰਾਜ,ਸੁਤੰਤਰਤਾ ਸੰਗਰਾਮ ਲਈ ਅੰਦੋਲਨ ਅਤੇ ਸੱਭਿਆਚਾਰਿਕ ਤਬਦੀਲੀਆਂ ਨੂੰ ਦਰਸਾਏ ਜਾਣ ਦੀ ਤਜਵੀਜ਼ ਹੈ।

## 2. ਔਖੇ ਸ਼ਬਦਾਂ ਦੇ ਅਰਥ:

ਤ੍ਰੈ-ਸ਼ਤਾਬਦੀ : **300** ਸਾਲਾ

ਸਦੀਵੀ : ਸਦਾ ਰਹਿਣ ਵਾਲ਼ਾ, ਚਿਰ-ਸਥਾਈ

ਮਟਮੈਲ਼ਾ : ਮਿੱਟੀ-ਰੰਗਾ

ਪ੍ਰਾਚੀਨ : ਪੁਰਾਣਾ,ਪੁਰਾਤਨ

ਪਾਰਕਿੰਗ : ਮੋਟਰ-ਗੱਡੀਆਂ ਖੜ੍ਹੀਆਂ ਕਰਨ ਦੀ ਥਾਂ

ਨਜ਼ਦੀਕ : ਨੇੜੇ,ਕੋਲ਼

ਨਿਰਵਿਘਨ : ਰੁਕਾਵਟ ਤੋਂ ਬਿਨ੍ਹਾਂ,ਲਗਾਤਾਰ

ਵਿਸਫੋਟਕ : ਧਮਾਕਾਖ਼ੇਜ਼

ਗਠੜੀ-ਘਰ : ਸਮਾਨ ਜਮ੍ਹਾ ਕਰਵਾਉਣ ਦੀ ਥਾਂ

ਗੈਲਰੀ : ਚਿੱਤਰਸ਼ਾਲਾ,ਕਲਾ-ਭਵਨ

ਸੰਕਲਨ : ਸੰਪਾਦਕ

ਵਾਸ਼-ਰੂਮ : ਪਖਾਨਾ

ਇੱਕਤਰੀਕਰਨ : ਇਕੱਠਾ ਕਰਨਾ

ਇੰਤਜ਼ਾਮ : ਪ੍ਰਬੰਧ

ਪੁਖ਼ਤਾ : ਠੋਸ,ਨਿੱਗਰ,ਤਸੱਲੀਬਖ਼ਸ਼

ਮੱਦੇ-ਨਜ਼ਰ : ਧਿਆਨ ’ਚ ਰੱਖਦਿਆਂ

ਤਜਵੀਜ਼ : ਯੋਜਨਾ

## 3. ਵਾਕਾਂ ਵਿਚ ਵਰਤੋਂ:-

**1.** ਤ੍ਰੈ-ਸ਼ਤਾਬਦੀ (**300** ਸਾਲ ਨਾਲ਼ ਸੰਬੰਧਿਤ) **– 13** ਅਪ੍ਰੈਲ, **1999** ਨੂੰ ਖ਼ਾਲਸੇ ਦੇ ਜਨਮ ਦੀ ਤ੍ਰੈ-ਸ਼ਤਾਬਦੀ ਮਨਾਈ ਗਈ।

**2.** ਰੂਪ-ਰੇਖਾ (ਖ਼ਾਕਾ,ਨਕਸ਼ਾ) – ਵਿਰਾਸਤ-ਏ-ਖ਼ਾਲਸਾ ਦੀ ਰੂਪ-ਰੇਖਾ ਇਜ਼ਰਾਈਲ ਦੇ ਭਵਨ-ਨਿਰਮਾਣ ਕਲਾ-ਮਾਹਰ ਮੋਸ਼ੇ ਸੈਫ਼ਦੀ ਤੇ ਸਾਥੀਆਂ ਨੇ ਤਿਆਰ ਕੀਤੀ।

**3.** ਦਿਸ਼ਾ-ਨਿਰਦੇਸ਼ (ਅਗਵਾਈ) – ਵਿਰਾਸਤ-ਏ-ਖ਼ਾਲਸਾ ਭਵਨ ਦੀ ਉਸਾਰੀ ਸ੍ਰੀ ਆਨੰਦਪੁਰ ਸਾਹਿਬ ਫਾਊਂਡੇਸ਼ਨ ਦੇ ਦਿਸ਼ਾ-ਨਿਰਦੇਸ਼ ਹੇਠ ਹੋਈ।

**4.** ਫੁੱਲ-ਪੱਤੀ (ਇਮਾਰਤ ਦਾ ਨਾਂ) – ਵਿਰਾਸਤ-ਏ-ਖ਼ਾਲਸਾ ਵਿਚ ਬਣਾਈ ਗਈ ਪੰਜ ਫੁੱਲ-ਪੱਤੀ ਇਮਾਰਤ ਦਾ ਸੰਬੰਧ ਪਹਿਲੇ ਪੰਜ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਨਾਲ਼ ਹੈ।

**5.** ਅੰਧ-ਵਿਸ਼ਵਾਸ (ਬਿਨ੍ਹਾਂ ਸੋਚੇ-ਸਮਝੇ ਵਿਸ਼ਵਾਸ ਰੱਖਣਾ)- ਜੋਤਸ਼ੀਆਂ ਦੀਆਂ ਗੱਲਾਂ ਵਿਚ ਵਿਸ਼ਵਾਸ ਰੱਖਣਾ ਨਿਰਾ ਅੰਧ-ਵਿਸ਼ਵਾਸ ਹੈ।

**6.** ਤਾਰਾ-ਮੰਡਲ (ਤਾਰਿਆਂ ਦਾ ਸੰਗ੍ਰਹਿ)- ਸਾਡੇ ਤਾਰਾ ਮੰਡਲ ਵਿਚ ਨੌਂ-ਗ੍ਰਹਿ ਸ਼ਾਮਿਲ ਹਨ।

**7.** ਕੰਧ-ਚਿਤਰ (ਕੰਧਾਂ ਉੱਤੇ ਬਣੇ ਰੰਗਦਾਰ ਚਿੱਤਰ)- ਪੁਰਾਤਨ ਗੁਰਦੁਆਰਿਆਂ ਉੱਤੇ ਬਣੇ ਕੰਧ-ਚਿਤਰਾਂ ਦਾ ਸੰਬੰਧ ਗੁਰੂ ਸਾਹਿਬਾਨ ਦੇ ਜੀਵਨ ਦੀਆਂ ਘਟਨਾਵਾਂ ਨਾਲ਼ ਹੈ।

**8** ਰੱਖ-ਰਖਾਅ (ਸਾਂਭ-ਸੰਭਾਲ)- ਸਾਡੀਆਂ ਬਹੁਤ ਸਾਰੀਆਂ ਪੁਰਾਤਨ ਤੇ ਇਤਿਹਾਸਿਕ ਇਮਾਰਤਾਂ ਰੱਖ-ਰਖਾਅ ਦੀ ਕਮੀ ਕਾਰਨ ਢਹਿ-ਢੇਰੀ ਹੋ ਰਹੀਆਂ ਹਨ।

**9.** ਸਵੈ-ਇੱਛਾ (ਨਿੱਜੀ ਮਰਜ਼ੀ)- ਮੈਂ ਆਪਣੀ ਸਵੈ-ਇੱਛਾ ਨਾਲ਼ ਇਹ ਨੌਕਰੀ ਛੱਡ ਦਿੱਤੀ।

**10.** ਕੋਮਲ-ਕਲਾਵਾਂ (ਸੁਹਜ-ਸਵਾਦ ਦੇਣਵਾਲੀਆਂ ਕਿਰਤਾਂ)- ਬੁੱਤਕਾਰੀ ਤੇ ਚਿਤਰਕਾਰੀ ਕੋਮਲ-ਕਲਾਵਾਂ ਹੁੰਦੀਆਂ ਹਨ।

## 4. ਖ਼ਾਲੀ ਥਾਂਵਾਂ ਭਰੋ:-

(ੳ) ਵਿਰਾਸਤ-ਏ-ਖ਼ਾਲਸਾ ਦੀ ਰੂਪ-ਰੇਖਾ ਇਜ਼ਰਾਈਲ ਦੇ ਭਵਨ-ਨਿਰਮਾਣ ਕਲਾ-ਮਾਹਿਰ ਮੋਸ਼ੇ ਸੈਫ਼ਦੀ ਨੇ ਤਿਆਰ ਕੀਤੀ।

(ਅ) ਵਿਰਾਸਤ-ਏ-ਖ਼ਾਲਸਾ **120** ਏਕੜ 'ਚ ਫੈਲਿਆ ਹੋਇਆ ਹੈ।

(ੲ) ਵਿਰਾਸਤ-ਏ-ਖ਼ਾਲਸਾ 'ਚ ਹਰੇਕ ਰਾਸ਼ਟਰੀ ਛੁੱਟੀ ਹੁੰਦੀ ਹੈ।

(ਸ) ਵਿਰਾਸਤ-ਏ-ਖ਼ਾਲਸਾ 'ਚ ਪੱਛਮੀ ਹਿੱਸੇ ਦੀਆਂ ਇਮਾਰਤਾਂ ਨੂੰ **165** ਮੀਟਰ ਲੰਮਾ ਪੁਲ਼ ਪੂਰਬੀ ਹਿੱਸੇ ਨਾਲ਼ ਜੋੜਦਾ ਹੈ।

# 5. ਠੀਕ/ਗ਼ਲਤ

**1.** ਵਿਰਾਸਤ-ਏ-ਖ਼ਾਲਸਾ ਦਰਸ਼ਕਾਂ ਲਈ ਸਾਰਾ ਸਾਲ ਹੀ ਖੁੱਲ੍ਹਾ ਰਹਿੰਦਾ ਹੈ।

ਉੱਤਰ:- ਗ਼ਲਤ ।

**2.** ਵਿਰਾਸਤ-ਏ-ਖ਼ਾਲਸਾ ਦੀ ਬਿਹਤਰੀ ਤੇ ਤਰੱਕੀ ਲਈ ਆਮ ਲੋਕ ਵੀ ਦਾਨ ਕਰ ਸਕਦੇ ਹਨ।

ਉੱਤਰ:- ਠੀਕ।

**3.** ਵਿਰਾਸਤ-ਏ-ਖ਼ਾਲਸਾ ’ਚ ਦੂਜੇ ਪੜਾਅ ਤਹਿਤ ਬਹੁਤ ਕੁਝ ਨਵਾਂ ਜੋੜਨ ਦੀ ਤਜਵੀਜ਼ ਹੈ।

ਉੱਤਰ:- ਠੀਕ।